ਸਿੱਖ ਕੌਮ ਨੂੰ ਨਸ਼ਿਆਂ, ਪਤਿੱਤਪੁਣੇ ਤੋਂ ਗੰਭੀਰ ਖਤਰਾ-ਡਾ.ਜਸਪਾਲ ਸਿੰਘ

ਦਸਮੇਸ਼ ਗੁਰਮਤਿ ਕੈਂਪ 'ਚ ਵਿਦਿਆਰਥੀ ਸਨਮਾਨਿਤ

ਸਮਾਣਾ 13 ਜੂਨ (ਸਾਹਿਬ ਸਿੰਘ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁੱਲਪਤੀ ਡਾ.ਜਸਪਾਲ ਸਿੰਘ ਨੇ ਕਿਹਾ ਹੈ ਕਿ ਸਿੰਘ ਕੌਮ ਨੂੰ ਨਸ਼ਿਆਂ ਅਤੇ ਪਤਿੱਤਪੁਣੇ ਤੋ ਗੰਭੀਰ ਖਤਰਾ ਹੈ ਅਤੇ ਜੇਕਰ ਮਾਤਾ-ਪਿਤਾ,ਸਿੱਖ ਬੁੱਧੀਜੀਵੀਆਂ,ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਨੇ ਇਸ ਖਤਰੇ ਪ੍ਰਤੀ ਨਾ ਸੋਚਿਆ ਤਾਂ ਸਿੱਖਾ ਦੀ ਵਿਲੱਖਣ ਹੋਦ ਨੂੰ ਖਤਰਾ ਪੈਦਾ ਹੋ ਜਾਵੇਗਾ। ਉਪਕੁੱਲਪਤੀ ਬਾਬਾ ਰਣਜੋਧ ਸਿੰਘ ਢੈਠਲ ਵਾਲਿਆਂ ਵਲੋ ਗੁਰਦੁਆਰਾ ਈਸ਼ਰਸਰ ਸਾਹਿਬ ਢੈਠਲ ਵਿਖੇ ਲਗਾਏ ਗਏ ਪਹਿਲੇ ਸੱਤ ਰੋਜਾ ਦਸ਼ਮੇਸ਼ ਗੁਰਮਤਿ ਕੈਂਪ ਦੇ ਸਮਾਪਤੀ ਸਮਾਗਮ ਵਿਚ ਸ਼ਮੂਲੀਅਤ ਕਰਨ ਮਗਰੋ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮਾਤਾ-ਪਿਤਾ ਦਾ ਪਹਿਲਾ ਫਰਜ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਿੱਖਾਂ ਦੀ ਵਿਲੱਖਣ ਹਸਤੀ ਦਾ ਅਹਿਸਾਸ ਕਰਵਾਉਦੇ ਹੋਏ ਉਨ੍ਹਾਂ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਬੋਲਾਂ ਤੋ ਸ਼ੁਰੂ ਹੋਈ ਗੁਰਮਤਿ ਲਹਿਰ ਬਾਰੇ ਜਾਣਕਾਰੀ ਦੇਣ। ਇਹ ਕੈਪ ਅਮਰੀਕੀ ਸਿੱਖ ਭਾਈ ਜਗਦੀਸ਼ ਸਿੰਘ ਦੀ ਅਗਵਾਈ ਵਿੱਚ ਅਮਰੀਕਾ ਦੇ ਸਿੱਖਾਂ ਦੇ ਸਹਿਯੋਗ ਨਾਲ ਲਗਾਇਆ ਗਿਆ ਸੀ। ਡਾ.ਜਸਪਾਲ ਸਿੰਘ ਨੇ ਗੁਰਮਤਿ ਕੈਪ ਵਿਚ ਸ਼ਾਮਿਲ ਭਾਰੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਗਈ ਸਿੱਖ ਲਹਿਰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੱਕ ਪ੍ਰਫੁਲਿਤ ਹੋਈ। ਉਨ੍ਹਾਂ ਦੱਸਿਆ ਕਿ ਸਿੱਖ ਦੀ ਦੀਦਾਰ ਅਤੇ ਕਿਰਦਾਰ ਕਰਕੇ ਵਿੱਲਖਣ ਹਸਤੀ ਹੈ। ਭਾਈ ਤਾਰੂ ਸਿੰਘ,ਮਾਈ ਭਾਗੋ,ਬਾਬਾ ਬੰਦਾ ਸਿੰਘ ਬਹਾਦਰ ਅਤੇ ਸਹਿਬਜਾਦਿਆਂ ਦਾ ਹਵਾਲਾ ਦਿੰਦਿਆ ਉਨ੍ਹਾਂ ਕਿਹਾ ਕਿ ਸਿੱਖ ਸਮਾਜ ਕੋਲ ਉਹ ਸਰਮਾਇਆ ਹੈ ਜੋ ਦੁਨੀਆ ਦੇ ਕਿਸੇ ਫਿਰਕੇ ਜਾਂ ਧਰਮ ਕੋਲ ਨਹੀ ਹੈ। ਗੁਰੂ ਸਹਿਬਾਨਾ ਨੇ ਲੰਮੀ ਘਾਲਣਾ ਘਾਲਕੇ ਸਾਨੂੰ ਅਮੀਰ ਅਤੇ ਵਿੱਲਖਣ ਸਰਮਾਇਆ ਪ੍ਰਦਾਨ ਕੀਤਾ ਹੈ ਪਰ ਅਫਸੋਸ ਨਾਲ ਕਹਿਣਾ ਪੈਦਾ ਹੈ ਕਿ ਸਰਮਾਏਦਾਰ ਮਾਂ-ਬਾਪ ਦੇ ਬੱਚੇ ਆਪਣੇ ਕੰਮਾਂ ਕਰਕੇ ਗਰੀਬ ਹੋ ਗਏ ਹਨ। ਉਪਕੁੱਲਪਤੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਟਕਰਾਓ,ਹਿੰਸਾ ਅਤੇ ਸਮਾਜਿਕ ਬੁਰਾਈਆਂ ਦਾ ਹੱਲ ਹੈ। ਉਨ੍ਹਾਂ ਵਿਦਿਆਰਥੀਆਂ ਤੋ ਆਸ ਪ੍ਰਗਟ ਕੀਤੀ ਕਿ ਜੋ ਕੰਮ ਅਸੀ ਨਹੀ ਕਰ ਸਕੇ ਉਹ ਬੱਚੇ ਕਰਕੇ ਵਿਖਾਉਣਗੇ। ਉਨ੍ਹਾਂ ਡਾੱ.ਦਿਲਬਰ ਸਿੰਘ ਦੀ ਲਿੱਖੀ ਕਿਤਾਬ ਵੀ ਰਿਲੀਜ ਵੀ ਕੀਤੀ। ਇਸ ਮੋਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜਿਲ੍ਹਾ ਪ੍ਰਧਾਨ ਭਾਈ ਹਰਬੰਸ ਸਿੰਘ,ਪ੍ਰੋ.ਪਰਮਬੀਰ ਸਿੰਘ,ਡਾ.ਗੁਰਨੇਕ ਸਿੰਘ,ਡਾ.ਕਮਲਜੀਤ ਸਿੰਘ ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ ਡਾ.ਦਰਸ਼ਨ ਸਿੰਘ,ਦਲਜੀਤ ਸਿੰਘ,ਡਾ.ਜਗਿੰਦਰ ਕੋਰ ਰਾਹੀ,ਡਾ.ਜੋਗਿੰਦਰ ਸਿੰਘ,ਪ੍ਰੋ.ਹਰਪ੍ਰੀਤ ਸਿੰਘ,ਗੁਰਨਾਨਕ ਮਾਰਗ ਸੁਸਾਇਟੀ ਦੇ ਪ੍ਰਧਾਨ ਭਾਈ ਮਹਿੰਦਰ ਸਿੰਘ ਜੱਸਲ,ਭਾਈ ਹਰਨੇਕ ਸਿੰਘ ਜੱਸਲ.ਸਾਬਕਾ ਸਰੰਪਚ ਭਰਪੂਰ ਸਿੰਘ,ਮਨਜੀਤ ਸਿੰਘ ਢੈਠਲ ਅਤੇ ਬਾਬਾ ਹਰਦੀਪ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਕੈਪ ਵਿੱਚ ਸਿੱਖ ਇਤਿਹਾਸ,ਪ੍ਰੀਖਿਆ,ਦਸਤਾਰ ਸਜਾਓ, ਅਤੇ ਕੀਰਤਨ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆ ਨੂੰ ਵੀਡਿਓ ਕੈਮਰੇ ਅਤੇ ਯਾਦਗਾਰੀ ਚਿਨ੍ਹ ਦੇ ਕੇ ਸਨਮਾਨਿਤ ਕੀਤਾ। ਬਾਬਾ ਰਣਜੋਧ ਸਿੰਘ ਅਤੇ ਬਾਬਾ ਹਰਦੀਪ ਸਿੰਘ ਵਲੋ ਕੈਪ ਵਿਚ ਸੇਵਾ ਕਰਨ ਵਾਲਿਆਂ ਨੂੰ ਸਿਰਪਾਓ ਭੇਟ ਕੀਤੇ ਗਏ। ਕੈਪ ਵਿਚ ਕਰੀਬ 600 ਵਿਦਿਆਰਥੀਆਂ ਨੇ ਗੁਰਮਤਿ ਮਰਿਆਦਾ,ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਜਾਣਕਾਰੀ ਹਾਸਿਲ ਕੀਤੀ। 80 ਬੱਚਿਆਂ ਨੇ ਅੰਮ੍ਰਿਤ ਛੱਕਣ ਦਾ ਪ੍ਰਣ ਕੀਤਾ। 280 ਵਿਦਿਆਰਥੀਆ ਅਤੇ ਵਿਦਿਆਰਥਣਾਂ ਨੇ ਨਸ਼ੇ ਨਾ ਕਰਨ ਅਤੇ ਦਾਜ ਦਹੇਜ ਤੋ ਬਿਨਾਂ ਵਿਆਹ ਕਰਵਾਉਣ ਦਾ ਪ੍ਰਣ ਕੀਤਾ।

ਠੰਡੇ ਮਿੱਠੇ ਜਲ ਦੀ ਛਬੀਲ ਅਤੇ ਲੰਗਰ ਲਗਾਇਆ

ਫਗਵਾੜਾ 13 ਜੂਨ (ਕਮਲ ਰਾਏ) ਰਵਿਦਾਸੀਆ ਕੋਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਬਰਸੀ ਮੋਕੇ ਪਿੰਡ ਖਲਵਾੜਾ ਦੀ ਸਮੂਹ ਸੰਗਤ ਵਲੋਂ ਪਿੰਡ ਦੇ ਮੇਨ ਬਸ ਸਟੈਂਡ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਲੰਗਰ ਲਗਾਇਆ ਗਿਆ। ਇਸ ਛਬੀਲ ਦਾ ਉਦਘਆਟਨ ਬਾਬਾ ਹਰਬੰਸ ਲਾਲ ਜੀ ਨੇ ਕੀਤਾ। ਇਸ ਮੋਕੇ ਬਾਬਾ ਹਰਬੰਸ ਲਾਲ ਜੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬਾਨਾ ਦੇ ਦਰਸਾਏ ਮਾਰਗ ਉੱਪਰ ਚਲਦੇ ਹੋਏ ਦਸਾਂ ਨੋਹਾਂ ਦੀ ਕਿਰਤ ਕਮਾਈ ਵਿਚੋਂ 10 ਬੰਦ ਕੱਢ ਕੇ ਲੰਗਰ ਦੀ ਸੇਵਾ ਕਰਨੀ ਚਾਹੀਦੀ ਹੈ, ਜਿਸ ਨਾਲ ਕਈ ਜਨਮਾਂ ਦਾ ਫਲ ਮਿਲਦਾ ਹੈ। ਇਸ ਮੋਕੇ ਕਮਲ ਮੱਲ, ਪਰਮਜੀਤ ਪੱਪਾ, ਹਰਭਜਨ ਸਿੰਘ, ਜਸਪਾਲ ਖਲਵਾੜਾ, ਸੰਤੋਖ ਸਿੰਘ, ਜੋਗਿੰਦਰ ਪਾਲ ਪੰਚ, ਜਸਵੀਰ ਕੁਮਾਰ ਸਾਬਕਾ ਸਰਪੰਚ, ਪਰਮਜੀਤ ਖਲਵਾੜਾ ਪੰਚ, ਮੁਕੇਸ਼ ਕਾਂਥ, ਪਰਮਜੀਤ ਸ਼ੀਹਮਾਰ, ਹਰਭਜਨ ਖਲਵਾੜਾ, ਹਜਾਰਾ ਰਾਮ ਨਈਅਰ ਨੰਜੋਰਾਮ, ਆਦਿ ਨੇ ਛਬੀਲ ਅਤੇ ਲੰਗਰ ਦੀ ਸੇਵਾ ਨਿਭਾਈ।

ਨਜਾਇਜ਼ ਕਾਲੋਨੀਆਂ ਕੱਟਣ ਵਾਲਿਆਂ ਵਿਰੁੱਧ ਉਪਭੋਗਤਾ ਸਮਿਤੀ ਨੇ ਕੀਤੀ ਕਾਰਵਾਈ ਦੀ ਮੰਗ

ਜਲੰਧਰ, 13 ਜੂਨ (ਮਨੀ)-ਸ਼ਹਿਰ ਵਿੱਚ ਬਣ ਰਹੀਆਂ ਨਜਾਇਜ਼ ਕਾਲੋਨੀਆਂ ਨੂੰ ਕੰਟਰੋਲ ਕਰਨ ਲਈ ਉਪਭੋਗਤਾਵਾਂ ਤੇ ਮਨੁੱਖੀ ਅਧਿਕਾਰ ਸੁਰੱਖਿਆ ਸਮਿਤੀ ਵੱਲੋਂ ਨਗਰ ਨਿਗਮ ਕਮਿਸ਼ਨਰ ਵਿਨੇ ਬੁਬਲਾਨੀ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ।

ਇਸ ਸੰਬੰਧ ਵਿੱਚ ਸਮਿਤੀ ਦੇ ਪ੍ਰਧਾਨ ਮੁਕੇਸ਼ ਵਰਮਾ ਨੇ ਦੱਸਿਆ ਕਿ ਸ਼ਹਿਰ ਵਿੱਚ ਨਜਾਇਜ਼ ਕਾਲੋਨੀਆਂ ਬਣਨ ਦੀ ਦੌੜ ਇੰਨੀ ਵਧ ਚੁੱਕੀ ਹੈ ਕਿ ਜਿਸ ਦਾ ਨੁਕਸਾਨ ਸਿੱਧੇ ਤੌਰ 'ਤੇ ਉਪਭੋਗਤਾ ਨੂੰ ਹੋ ਰਿਹਾ ਹੈ। ਸ਼ਹਿਰ ਦੇ ਕਾਲੋਨਾਈਜ਼ਰ ਇੱਕ ਜਾਇਜ਼ ਕਾਲੋਨੀ ਦੇ ਨਾਂਅ ਹੇਠ 3-4 ਕਾਲੋਨੀਆਂ ਨਜਾਇਜ਼ ਤੌਰ 'ਤੇ ਵੇਚ ਦਿੰਦੇ ਹਨ। ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਨਜ਼ਰ ਉਨ੍ਹਾਂ ਕਾਲੋਨੀਆਂ ਵੱਲੋਂ ਤਦ ਤੱਕ ਬੰਦ ਰਹਿੰਦੀ ਹੈ ਜਦੋਂ ਤੱਕ ਕਾਲੋਨਾਈਜ਼ਰ ਦੇ ਸਾਰੇ ਪਲਾਟ ਵਿਕ ਨਹੀਂ ਜਾਂਦੇ। ਨਜਾਇਜ਼ ਕਾਲੋਨੀਆਂ ਵਿੱਚ ਬਿਲਡਿੰਗਾਂ ਦੀ ਉਸਾਰੀ ਚੋਣ ਤੋਂ ਬਾਅਦ ਅਧਿਕਾਰੀ ਕੁੰਭਕਰਨੀ ਨੀਂਦ ਤੋਂ ਉੱਠ ਕੇ ਬੇਕਸੂਰ ਉਪਭੋਗਤਾਵਾਂ ਨੂੰ ਤੰਗ ਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੰਦੇ ਹਨ।

ਇਸ ਮੌਕੇ ਸਮਿਤੀ ਵੱਲੋਂ ਮੰਗ ਪੱਤਰ ਦੇ ਕੇ ਉਨ੍ਹਾਂ ਕਾਲੋਨਾਈਜ਼ਰ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੇ ਨਾਲ ਅਸ਼ਵਨੀ ਚੋਪੜਾ, ਜੌਹਨ ਮਸੀਹ, ਸੰਜੀਵ ਭਗਤ, ਜਤਿੰਦਰ ਬਿੱਟੂ, ਕੁਸ਼ ਠਾਕੁਰ, ਬਲਬੀਰ ਸਿੰਘ, ਭੁਪਿੰਦਰ ਗੁਪਤਾ ਸਮੇਤ ਬਹੁਤ ਸਾਰੇ ਅਹੁਦੇਦਾਰ ਤੇ ਮੈਂਬਰ ਸ਼ਾਮਲ ਸਨ। ਇਸ ਮੌਕੇ ਨਿਗਮ ਕਮਿਸ਼ਨਰ ਦੇ ਐੱਮ.ਟੀ.ਪੀ. ਨੂੰ ਸਖਤ ਕਾਰਵਾਈ ਕਰਨ ਦੇ ਆਦੇਸ਼ ਜਾਰੀ ਕੀਤੇ ਹਨ।

ਆਰਟ ਆਫ ਲਿਵਿੰਗ ਕੈਂਪ ਨੇ ਲੋਕਾਂ ਦਾ ਕੀਤਾ ਤਨਾਅ ਦੂਰ

ਮੌੜ ਮੰਡੀ 13 ਜੂਨ (ਸ਼ਾਮ ਲਾਲ ਜੋਧਪੁਰੀਆ) - ਸਥਾਨਕ ਸ਼ਹਿਰ ਦੇ ਸ਼੍ਰੀ ਖਾਟੂ ਸ਼ਾਮ ਮੰਦਿਰ ਵਿਖੇ 7 ਤੋ 12 ਤਰੀਕ ਤੱਕ ਆਰਟ ਆਫ ਲਿਵਿੰਗ ਦਾ ਕੈਂਪ ਲਗਾਇਆ ਗਿਆ। ਹੱਸਣਾ ਮੁਸਕਰਾਉਣਾ ਅਤੇ ਹਰ ਪਲ ਖੁਸ਼ ਰਹਿਣਾ ਹੀ ਇਨਸਾਨ ਦਾ ਅਸਲੀ ਸੁਭਾਅ ਹੈ। ਪ੍ਰੰਤੂ ਅੱਜ ਦੀ ਤੇਜ ਰਫਤਾਰ ਤਨਾਅ ਪੂਰਣ ਜਿੰਦਗੀ ਵਿੱਚ ਇਨਸਾਨ ਆਪਣੇ ਅਸਲੀ ਸੁਭਾਅ ਤੋਂ ਦੂਰ ਹੁੰਦਾ ਜਾ ਰਿਹਾ ਹੈ, ਅਤੇ

ਤਨਾਅ ਦਾ ਸ਼ਿਕਾਰ ਹੋ ਰਿਹਾ ਹੈ। ਅਜਿਹੇ ਸਮੇਂ ਵਿਚੱ ਆਰਟ ਆਫ ਲਿਵਿੰਗ ਦਾ ਪਾਰਟ 1 ਕੋਰਸ ਲੋਕਾਂ ਲਈ ਇੱਕ ਨਵੀਂ ਰੋਸ਼ਨੀ ਲੈ ਕੇ ਆਇਆ ਹੈ। ਇਹ ਕੋਰਸ ਕੋਈ ਵੀ ਮੁਸਕਰਾਜਟ ਵਾਪਿਸ ਲੈ ਕੇ ਆਂਉਦਾ ਹੈ। ਵਿਅਨਤੀ ਨੂੰ ਫਿਰ ਤੋਂ ਖੁੱਲ ਕੇ ਹੱਸਣਾ, ਖੁੱਲ ਕੇ ਜੀਣਾ ਸਿਖਾਂਉਦਾ ਹੈ। ਇਹ ਕਹਿਣਾ ਹੈ ਆਰਟ ਆਫ ਲਿਵਿੰਗ ਦੇ ਟੀਚਰ ਸੁਮਿੱਤ ਅਰੋੜਾ ਦਾ। ਇਸ ਕੋਰਸ ਵਿੱਚ ਲਗਭਗ 66 ਵਿਅਕਤੀਆਂ ਨੇ ਹਿੱਸਾ ਲਿਆ। 20 - 22 ਘੰਟਿਆਂ ਦਾ ਇਹ ਕੋਰਸ ਵਿਅਕਤੀ ਨੂੰ ਇੱਕ ਨਵੀਂ ਅਤੇ ਤਾਜੀ ਊਰਜਾ ਨਾਲ ਭਰ ਦਿੰਦਾ ਹੈ। ਇਹ ਕੋਰਸਾ ਸਾਹਾਂ ਦੀਆਂ ਵੀਧੀਆਂ ਤੇ ਅਧਾਰਿਤ ਹੈ ਕਿਓਂਕਿ ਸਾਹਾਂ ਰਾਹੀਂ ਹੀ ਅਸੀ ਆਪਣੇ ਚੰਚਲ ਮਨ ਨੂੰ ਕਾਬੂ ਵਿੱਚ ਰੱਖ ਸਕਦੇ ਹਾਂ, ਇਸ ਕੋਰਸ ਵਿੱਚ ਸਾਹਾਂ ਦੀ ਸੁਦਰਸ਼ਨ ਕ੍ਰਿਆ ਸਿਖਾਈ ਜਾਂਦੀ ਹੈ, ਜੋ ਆਰਟ ਆਫ ਲਿਵਿੰਗ ਦੇ ਸੰਸਥਾਪਕ ਸ਼੍ਰੀ ਸ਼੍ਰੀ ਰਵੀ ਸ਼ੰਕਰ ਜੀ ਦਾ ਮਹਾਨ ਤੋਹਫਾ ਹੈ। ਸ਼ਰੀਰਕ ਅਤੇ ਮਾਨਸਿਕ ਲਾਭ ਦੇ ਨਾਲ ਨਾਲ ਇਹ ਕੋਰਸ ਆਪਣੀ ਇਨਸਾਨੀ ਸੰਬਧਾ ਵਿੱਚ ਕੜਵਾਹਟ ਖਤਮ ਕਰਕੇ ਉਹਨਾਂ ਨੂੰ ਮਿਠਾਸ ਨਾਲ ਭਰ ਦਿੰਦਾ ਹੈ।

ਇਸ ਕੋਰਸ ਵਿੱਚ ਹਿੱਸਾ ਲੈਣ ਵਾਲੇ ਸਹਿਭਾਗੀਆਂ ਵਿੱਚੋਂ ਡਾ. ਵਿਜੈ ਨੇ ਆਪਣਾ ਅਨੁਭਵ ਸਾਝਾਂ ਕਰਦਿਆਂ ਦਸਿਆ ਕਿ ਇਹ ਕੋਰਸ ਤੋਂ ਬਾਅਦ ਉਹਨਾਂ ਨੂੰ ਬਹੁਤ ਵਧੀਆ ਮਹਿਸੂਸ ਹੋ ਰਿਹਾ ਹੈ। ਰਜੇਸ਼ ਜੈਨ ਸਾਬਕਾ ਪ੍ਰਧਾਨ ਨੇ ਦੱਸਿਆ ਕਿ ਇਹ ਕੋਰਸ ਕਰਨ ਤੋਂ ਬਾਅਦ ਕੰਮ ਕਾਜ ਭਰੀ ਜਿੰਦਗੀ ਵਿੱਚ ਕੁਝ ਵਿਸ਼ਰਾਮ ਦੇ ਪਲ ਮਹਿਸੂਸ ਹੋਏ ਹਨ। ਅੰਤ ਵਿੱਚ ਰਾਮਪੁਰਾ ਚੈਪਟਰ ਦੇ ਸ਼੍ਰੀ ਰਕੇਸ਼ ਸਹਾਰਾ ਨੇ ਦੱਸਿਆ ਕਿ ਇਸ ਕੋਰਸ ਤੋਂ ਇਲਾਵਾ ਬੱਚਿਆਂ ਲਈ ਆਰਟ ਐਕਸਲ ਕੋਰਸ, ਨੌਜਾਵਾਨਾਂ ਲਈ ਇਸ ਅਤੇ ਇਸ + ਕੋਰਸ, ਪਿੰਡਾਂ ਲਈ ਨਵਚੇਤਨਾ ਸ਼ਿਵਰ ਅਤੇ ਲ਼ਠਫ ਆਦਿ ਕੋਰਸਾ ਦਾ ਪ੍ਰਬੰਧਨ ਕੀਤਾ ਜਾਂਦਾ ਹੈ ਅਜਿਹੇ ਕੋਰਸ ਭਾਰਤ ਤੋਂ ਇਲਾਵਾ ਦੁਨੀਆਂ ਦੇ 150 ਹੋਰ ਦੇਸ਼ਾਂ ਵਿੱਚ ਸਫਲਤਾ ਪੂਰਵਕ ਚਲਾਏ ਜਾ ਰਹੇ ਹਨ। ਕੋਰਸਾਂ ਤੋਂ ਇਲਾਵਾ ਆਰਟ ਆਫ ਲਿਵਿੰਗ ਸੰਸਥਾ ਵੱਲੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਅੱਗੇ ਵਧ ਕੇ ਹਿੱਸਾ ਲਿਆ ਜਾਂਦਾ ਹੈ। ਰਾਮਪੁਰਾ ਚੈਪਟਰ ਵੱਲੋਂ ਲੋਕਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਪਿੰਡ - ਪਿੰਡ ਜਾ ਕੇ ਨਸ਼ਾ ਮੁਕਤੀ ਕੈਂਪ ਲਗਾਏ ਜਾ ਰਹੇ ਹਨ। ਜਿਸਤੋਂ ਫਾਇਦਾ ਉਠਾ ਕੇ ਸੈਂਕੜੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਕੇ ਸਨਮਾਨ - ਪੂਰਵਕ ਜੀਵਨ ਬਤੀਤ ਕਰ ਰਹੇ ਹਨ। ਇਹ ਸੂਚਨਾ ਰਕੇਸ਼ ਬਾਂਸਲ, ਪੰਕਜ ਸਹਾਰਾ, ਹਰੀਸ਼ ਨੇ ਦਿੱਤੀ। ਇਸ ਮੌਕੇ ਤੇ ਸ਼ਿਆਮ ਪ੍ਰਚਾਰ ਮੰਡਲ ਤੋਂ ਬਿਨਾਂ ਸ਼ਹਿਰ ਦੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਅਤੇ ਬੱਚਿਆ ਨੇ ਭਾਗ ਲਿਆ।

ਸੱਪ ਦੇ ਡੰਗਣ ਨਾਲ ਬਜ਼ੁਰਗ ਦੀ ਮੌਤ

ਗੁਰੂਹਰਸਹਾਏ, 13 ਜੂਨ (ਵਰਿਆਮ ਸਿੰਘ ਵਾਸਣ)- ਬੀਤੀ ਰਾਤ ਇਥੋਂ ਨਜ਼ਦੀਕੀ ਬਸਤੀ ਲਾਭ ਸਿੰਘ ਵਾਲੀ ਵਿਖੇ

ਇਕ ਵਿਅਕਤੀ ਦੀ ਸੱਪ ਦੇ ਡੰਗਣ ਨਾਲ ਮੌਤ ਹੋ ਗਈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਮ੍ਰਿਤਕ ਦੇ ਭਰਾ ਚੰਦ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਕਰੀਬ 8 ਵਜੇ ਉਹ ਆਪਣੇ ਭਰਾ ਮ੍ਰਿਤਕ ਗੱਜਣ ਸਿੰਘ (72 ਸਾਲ) ਪੁੱਤਰ ਬੈਂਕਾਂ ਸਿੰਘ ਦੇ ਨਾਲ ਪਿੰਡ ਵਿਚ ਹੀ ਆਪਣੇ ਖੇਤਾਂ ਵਿਚ ਗੇੜਾ ਮਾਰਨ ਲਈ ਗਏ ਸਨ ਕਿ ਉਥੇ ਅਚਾਨਕ ਇਕ ਸੱਪ ਨੇ ਉਸ ਦੇ ਭਰਾ ਨੂੰ ਲੱਤ ਤੇ ਡੰਗ ਲਿਆ, ਜਿਸ ਤੋਂ ਬਾਅਦ ਉਹ ਆਪਣੇ ਭਰਾ ਨੂੰ ਘਰ ਲੈ ਆਇਆ। ਘਰ ਆਉਣ ਤੋਂ ਬਾਅਦ ਗੱਜਣ ਸਿੰਘ ਬੇਹੋਸ਼ ਹੋ ਗਿਆ। ਗੱਜਣ ਸਿੰਘ ਨੂੰ ਇਲਾਜ ਸੰਬੰਧੀ ਨੇੜਲੇ ਪਿੰਡ ਸਰੂਪ ਸਿੰਘ ਵਾਲਾ ਵਿਖੇ ਇਕ ਸੱਪਾਂ ਦੇ ਮਾਂਦਰੀ ਕੋਲ ਲਿਜਾਇਆ ਗਿਆ ਜਿਥੇ ਮਾਂਦਰੀ ਨੇ ਇਲਾਜ ਸ਼ੁਰੂ ਕੀਤਾ ਪਰੰਤੂ ਰਾਤ ਕਰੀਬ 10 ਵਜੇ ਉਸ ਦੀ ਮੌਤ ਹੋ ਗਈ। ਗਰੀਬ ਘਰ ਨਾਲ ਸੰਬੰਧਿਤ ਮ੍ਰਿਤਕ ਦੇ ਪਰਿਵਾਰ ਨੇ ਪ੍ਰਸ਼ਾਸ਼ਨ ਪਾਸੋ ਮਦਦ ਦੀ ਗੁਹਾਰ ਪਾਈ ਹੈ।

ਬੱਚਿਆਂ ਨੂੰ ਵਿਰਸੇ ਨਾਲ ਜੋੜਨ ਲਈ ਗੁਰਮਤਿ ਟ੍ਰੇਨਿੰਗ ਕੈਂਪ

ਜਲੰਧਰ, 13 ਜੂਨ (ਪ.ਪ.)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਸੰਬੰਧੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਜਗਜੀਤ ਸਿੰਘ ਗਾਬਾ ਨੇ ਦੱਸਿਆ ਕਿ ਇਸ ਕੈਂਪ ਕੁਰਬਾਨੀ ਦੇ ਨਾਲ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਚੰਦਾ ਜੀਵਨ ਜਿਊਣ ਤੇ ਸਿੱਖਿਆ ਦੇਣ ਵਾਲੇ ਨਾਟਕਾਂ ਤੇ ਸਕਿੱਟ ਵੀ ਦਿਖਾਏ

(ਫੋਟੋ : ਕੁਲਦੀਪ ਸਿੰਘ)

ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਵਿਖੇ ਗੁਰਮਤਿ ਟ੍ਰੇਨਿੰਗ ਕੈਂਪ ਲਈ ਬੱਚਿਆਂ ਵਿੱਚ ਭਾਰੀ ਉਤਸ਼ਾਹ ਹੈ। 25 ਜੂਨ ਤੱਕ ਚੱਲਣ ਵਾਲੇ ਇਕ ਕੈਂਪ ਵਿੱਚ ਰੋਜ਼ਾਨਾ ਸਵੇਰੇ 10 ਵਜੇ ਤੋਂ 12 ਵਜੇ ਤੱਕ ਵਿੱਚ ਬੱਚਿਆਂ ਨੂੰ ਗੁਰਬਾਣੀ ਸ਼ੁਧ ਉਚਾਰਨ ਦੇ ਨਾਲ-ਨਾਲ ਹਰਮੋਨੀਅਮ ਤੇ ਤਬਲੇ ਦੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਤ ਧਾਰਮਿਕ ਸਲਾਈਡ ਸ਼ੋਅ ਬਾਬਾ ਬੰਦਾ ਸਿੰਘ ਬਹਾਦਰ, ਛੋਟੇ ਸਾਹਿਬਜ਼ਾਦਿਆਂ ਦੀ ਗਏ ਹਨ। ਇਸ ਕੈਂਪ ਵਿੱਚ ਸਿੱਖ ਮਿਸ਼ਨਰੀ ਪ੍ਰਚਾਰਕ ਸਹਿਤ ਭਾਈ ਸਰਬਜੀਤ ਸਿੰਘ ਤੇ ਭਾਈ ਗੁਰਜੰਟ ਸਿੰਘ ਬੱਚਿਆਂ ਨੂੰ ਗੁਰਮੀਤ ਦੀ ਟ੍ਰੇਨਿੰਗ ਦੇ ਰਹੇ ਹਨ। ਇਸ ਮੌਕੇ ਮਨਜੀਤ ਸਿੰਘ ਠੁਕਰਾਲ, ਬਹਾਦਰ ਸਿੰਘ, ਜਗਦੀਸ਼ ਸਿੰਘ ਤੇ ਹੋਰ ਮੈਂਬਰ ਵੀ ਹਾਜ਼ਰ ਸਨ।

ਰੋਟਰੀ ਕਲੱਬ ਸਿਟੀ ਵੱਲੋਂ ਅਪੰਗ ਔਰਤ ਨੂੰ ਬਨਾਵਟੀ ਹੱਥ ਭੇਂਟ

ਬੰਗਾ, 13 ਜੂਨ (ਰਾਜ ਮਜਾਰੀ)- ਰੋਟਰੀ ਇੰਟਰਨੈਸ਼ਨਲ ਕਲੱਬ ਵੱਲੋਂ ਅੰਗਹੀਣਾਂ ਨੂੰ ਬਨਾਵਟੀ ਅੰਗ ਭੇਟ ਕਰਨ ਹਿੱਤ ਅਰੰਭੇ ਮਿਸ਼ਨ ਤਹਿਤ ਇਸ ਬਲਾਕ ਦੇ ਪਿੰਡ ਲਧਾਣਾ ਉੱਚਾ ਵਿਖੇ ਰੋਟਰੀ ਕਲੱਬ ਬੰਗਾ ਸਿਟੀ ਵੱਲੋਂ ਕਲੱਬ ਦੇ ਜਨਰਲ ਸਕੱਤਰ ਰੋਟੇਰੀਅਨ ਭੁਪਿੰਦਰ ਸਿੰਘ ਲਧਾਣਾ ਉੱਚਾ ਦੇ ਦਫਤਰ ਦੇ ਵਿਹੜੇ ਵਿੱਚ ਹੋਏ ਸਮਾਗਮ ਦੌਰਾਨ ਲਧਾਣਾ ਉੱਚਾ ਦੀ ਹੱਥ ਤੋਂ ਅਪੰਗ ਔਰਤ ਰਣਜੀਤ ਕੌਰ ਵਿਧਵਾ ਤਰਸੇਮ ਸਿੰਘ ਨੂੰ ਬਾਂਹ ਸਮੇਤ ਬਨਾਵਟੀ ਹੱਥ ਭੇਟ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਰੋਟੇਰੀਅਨ ਹਰਪ੍ਰੀਤ ਸਿੰਘ ਪ੍ਰੀਤ ਅਤੇ ਜਨਰਲ ਸਕੱਤਰ ਰੋਟੇਰੀਅਨ ਨੇ ਸੰਬੋਧਨ ਕਰਦੇ ਹੋਏ ਇਕੱਠ ਨੂੰ ਦੱਸਿਆ ਕਿ ਅਪੰਗਾਂ ਨੂੰ ਬਨਾਵਟੀ ਅੰਗ ਭੇਟ ਕਰਨ ਦੀ ਪ੍ਰਾਜੈਕਟ ਤਹਿਤ ਰੋਟਰੀ ਇੰਟਰਨੈਸ਼ਨਲ ਵੱਲੋਂ ਲੱਖਾਂ ਰੁਪਏ ਦੇ ਅੰਗ ਜੋ ਕਿ ਅਮਰੀਕਾ ਦੇ ਬਣੇ ਹੋਏ ਹਨ, ਭੇਟ ਕੀਤੇ ਜਾ ਰਹੇ ਹਨ। ਇਸ ਮੌਕੇ ਕਲੱਬ ਦੇ ਹੋਰ ਅਹੁਦੇਦਾਰਾਂ ਵਿੱਚ ਕਲੱਬ ਦੇ ਚਾਰਟਿਡ ਪ੍ਰਧਾਨ ਸ੍ਰੀ ਭਗਵੰਤ ਸਿੰਘ ਪਾਬਲਾ, ਨਰਿੰਦਰ ਮਾਹੀ, ਕਲੱਬ ਦੇ ਉੱਪ ਪ੍ਰਧਾਨ ਸ੍ਰ. ਰਵਿੰਦਰ ਸਿੰਘ ਐਡਵੋਕੇਟ ਸਤਵਿੰਦਰ ਸਿੰਘ ਰਾਜੂ ਨੌਰਾ, ਵਰਿੰਦਰ ਸਿੰਘ ਨੌਰਾ, ਬਲਜੀਤ ਸਿੰਘ ਐਡਵੋਕੇਟ ਆਦਿ ਹਾਜ਼ਰ ਸਨ। ਉਕਤ ਅਪੰਗ ਔਰਤ ਰਣਜੀਤ ਕੌਰ ਜਿਸ ਦਾ ਹੱਥ ਅੱਧੀ ਬਾਂਹ ਟੋਕੇ 'ਚ ਕੱਟੀ ਗਈ ਸੀ ਦੇ ਪਰਿਵਾਰਕ ਮੈਂਬਰਾਂ ਨੇ ਕਲੱਬ ਦਾ ਧੰਨਵਾਦ ਕੀਤਾ।

ਮਹਾਰਾਣਾ ਪ੍ਰਤਾਪ ਦਾ 471ਵਾਂ ਜਨਮ ਦਿਵਸ ਪੰਜਾਬ ਸਰਕਾਰ ਵੱਲੋਂ 15 ਜੂਨ ਨੂੰ

☛ਰਾਜ ਪੱਧਰੀ ਸਮਾਗਮ ਦੇ ਅਗੇਤੇ ਪ੍ਰਬੰਧਾਂ ਬਾਰੇ ਵਿਸ਼ੇਸ਼ ਮੀਟਿੰਗ ਕੀਤੀ

☛ਮੁੱਖ ਮੰਤਰੀ ਬਾਦਲ ਅਤੇ ਹੋਰ ਕੈਬਨਿਟ ਮੰਤਰੀ ਕਰਨਗੇ ਸ਼ਿਰਕਤ

ਗੜ੍ਹਸ਼ੰਕਰ, 13 ਜੂਨ: (ਰਮਨਦੀਪ ਸਿੰਘ ਅਰੋੜਾ)- ਮਹਾਂਰਾਣਾ ਪ੍ਰਤਾਪ ਦੇ 471ਵੇਂ ਜਨਮ ਦਿਵਸ ਸਬੰਧੀ ਰਾਜ ਪੱਧਰੀ ਸਮਾਗਮ ਦੇ ਅਗੇਤੇ ਪ੍ਰਬੰਧਾਂ ਬਾਰੇ ਇੱਕ ਵਿਸ਼ੇਸ਼ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ

(ਜ) ਸ਼੍ਰੀ ਹਰਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਜਿਸ ਵਿੱਚ ਹੋਰਨਾਂ ਤੋਂ ਇਲਾਵਾ ਉਪ ਮੰਡਲ ਮੈਜਿਸਟਰੇਟ ਗੜ੍ਹਸ਼ੰਕਰ ਸ਼੍ਰੀ ਜਸਪਾਲ ਸਿੰਘ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਮਹਾਂਰਾਣਾ ਪ੍ਰਤਾਪ ਜੀ ਦਾ 471ਵਾਂ ਜਨਮ ਦਿਵਸ ਪੰਜਾਬ ਸਰਕਾਰ ਵੱਲੋਂ 15 ਜੂਨ 2010 ਨੂੰ ਸਵੇਰੇ 10-00 ਵਜੇ ਸ਼ੇਰ-ਏ-ਪੰਜਾਬ ਰਿਸੋਰਟ (ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਰੋਡ ਤੇ) ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਨੇ ਮੀਟਿੰਗ ਵਿੱਚ ਵੱਖ-ਵੱਖ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਸਮਾਗਮ ਨੂੰ ਸੁਚਾਰੂ ਅਤੇ ਸਫ਼ਲਤਾਪੂਰਵਕ ਨੇਪਰੇ ਚਾੜਨ ਲਈ ਆਪਣੀ ਡਿਊਟੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨ। ਇਸ ਉਪਰੰਤ ਵਧੀਕ ਡਿਪਟੀ ਕਮਿਸ਼ਨਰ (ਜ) ਕੰਵਰ ਵਿਕਰਮ ਸਿੰਘ ਚੇਅਰਮੈਨ ਸੰਯੁਕਤ ਕਸ਼ਤ੍ਰੀਆ ਮਹਾਂਸੰਘ, ਆਰ.ਐਸ.ਪਠਾਨੀਆ ਪ੍ਰਧਾਨ ਕਸ਼ਤ੍ਰੀਆ ਮਹਾਂ ਸਭਾ ਪੰਜਾਬ, ਕੁੰਵਰ ਅਜੇ ਸਿੰਘ ਸੀਨੀਅਰ ਨੈਸ਼ਨਲ ਜਨਰਲ ਸੈਕਟਰੀ ਕਸ਼ਤ੍ਰੀਆ ਮਹਾਂ ਸੰਘ ਨਾਲ ਮਹਾਂਰਾਣਾ ਪ੍ਰਤਾਪ ਦੇ 471ਵੇਂ ਜਨਮ ਦਿਵਸ ਦੇ ਰਾਜ ਪੱਧਰੀ ਸਮਾਗਮ ਮਨਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਵੱਡੇ ਹਾਦਸੇ ਦਾ ਕਾਰਨ ਬਣ ਸਕਦਾ ਹੈ ਟੁੱਟਿਆ ਹੋਇਆ ਬਿਜਲੀ ਦਾ ਖੰਭਾ

ਸ਼੍ਰੀ ਮੁਕਤਸਰ ਸਾਹਿਬ, 13 ਜੂਨ (ਬਲਜੀਤ ਸੰਧੂ/ਰਮਨ ਬਰਾੜ)- ਬਿਜਲੀ ਵਿਭਾਗ ਆਪਣੇ ਕੰਮ ਪ੍ਰਤੀ ਕਿੰਨਾ ਕੁ ਸੁਹਿਰਦ ਹੈ ਇਸ ਦੀ ਮਿਸਾਲ ਸਥਾਨਕ ਬਲਮਗੜ੍ਹ ਰੋਡ 'ਤੇ ਟੁੱਟੇ ਹੋਏ ਖੰਬੇ ਤੋਂ ਮਿਲਦੀ ਹੈ ਜੋ ਅੱਧ ਵਿਚਾਲੋਂ ਟੁੱਟਿਆ ਹੋਇਆ ਹੈ ਤੇ ਕਦੇ ਵੀ ਡਿੱਗ ਸਕਦਾ ਹੈ ਜਿਸ ਨਾਲ ਜਾਨੀ-ਮਾਲੀ ਨੁਕਸਾਨ ਹੋਣ ਦਾ ਖਤਰਾ ਬਣਿਆ ਹੋਇਆ ਹੈ ਪਰ ਬਿਜਲੀ ਵਿਭਾਗ ਦੇ ਕਰਮਚਾਰੀਆਂ ਦੇ ਧਿਆਨ 'ਚ ਹੁੰਦਿਆਂ ਹੋਇਆ ਵੀ ਉਨ੍ਹਾਂ ਦੇ ਕੰਨ ਤੇ ਜੂੰ ਨਹੀ ਸਰਕਦੀ। ਇਹ ਰੋਡ ਸ਼ਹਿਰ ਵੱਲ ਨਵੀਂ ਦਾਣਾ ਮੰਡੀ ਵਾਲੇ ਪਾਸੇ ਆਉਂਦਾ ਹੋਣ ਕਾਰਨ ਇਸ ਉਪਰ ਹਰ ਛੋਟੇ ਅਤੇ ਵੱਡੇ ਲੋਡ ਵਾਲੇ ਵਹੀਕਲ ਗੁਜ਼ਰਦੇ ਹਨ ਤੇ ਕਦੇ ਵੀ ਬਿਜਲੀ ਦੀਆਂ ਤਾਰਾ ਡਿੱਗਣ ਨਾਲ ਨੁਕਸਾਨ ਹੋ ਸਕਦਾ ਹੈ। ਬਲਮਗੜ੍ਹ ਰੋਡ 'ਤੇ ਰਹਿੰਦੇ ਲੋਕਾਂ ਨੇ ਦੱਸਿਆ ਕਿ ਇਸ ਸਬੰਧ ਵਿੱਚ ਬਿਜਲੀ ਵਿਭਾਗ ਦੇ ਕਰਮਚਾਰੀਆਂ ਨੂੰ ਕਈ ਵਾਰ ਸੂਚਿਤ ਕੀਤਾ ਹੈ ਪਰ ਕਿਸੇ ਵੀ ਕਰਮਚਾਰੀ ਨੇ ਇਸ ਖੰਬੇ ਦੀ ਸਾਰ ਨਹੀ ਲਈ। ਲੋਕਾਂ ਵੱਲੋਂ ਮੰਗ ਕੀਤੀ ਗਈ ਹੈ ਕਿ ਇਸ ਖੰਬੇ ਦੀ ਜਗ੍ਹਾ ਨਵਾਂ ਖੰਬਾ ਲਗਾ ਕੇ ਲੋਕਾਂ ਨੂੰ ਇਸ ਪ੍ਰੇਸ਼ਾਨੀ ਨੂੰ ਦੂਰ ਕੀਤਾ ਜਾਵੇ।

ਵਿਰੋਧੀ ਕੌਂਸਲਰ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਰੋੜੇ ਅਟਕਾ ਰਹੇ ਹਨ-ਰਾਜੇਸ਼ ਚੌਧਰੀ

ਨੰਗਲ 13 ਜੂਨ (ਗੁਰਵਿੰਦਰ ਸਿੰਘ ਜੰਡੀਰ) ਨੰਗਲ ਨਗਰ ਕੌਂਸਲ ਦੇ ਚੇਅਰਮੈਨ ਰਾਜੇਸ਼ ਚੌਧਰੀ ਨੇ ਨਗਰ ਕੌਂਸਲ ਦੇ ਕੌਂਸਲਰਾਂ ਦੀ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਮੀਟਿੰਗ ਕਰਨ ਤੋਂ ਬਾਅਦ ਅੱਜ ਦੀ ਅਵਾਜ਼ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਵਿਰੋਧੀ ਕੌਂਸਲਰ ਇੱਕ ਜਿੰਮੇਵਾਰ ਰਾਜਨਿਤਕ ਆਗੂ ਦੇ ਇਸ਼ਾਰੇ ਤੇ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਰੋੜੇ ਅਟਕਾ ਰਹੇ ਹਨ। ਉਹਨਾਂ ਨੇ ਆਖਿਆ ਕਿ ਹਰ ਮੀਟਿੰਗ ਵਿੱਚ ਵਿਰੋਧੀ ਕੌਂਸਲਰਾਂ ਵਲੋਂ ਬਿਨਾਂ ਕਿਸੇ ਗੱਲ ਤੇ ਸ਼ੋਰ ਸ਼ਰਾਬਾ ਕਰਨਾ ਅਤੇ ਮੀਟਿੰਗ ਦਾ ਬਾਈਕਾਟ ਕਰਨਾ ਨੰਗਲ ਸ਼ਹਿਰੀਆਂ ਦੇ ਨਾਲ ਇੱਕ ਭੱਦਾ ਮਜਾਕ ਹੈ। ਉਹਨਾਂ ਕਿਹਾ ਕਿ

ਵਿਰੋਧੀ ਕੌਂਸਲਰਾਂ ਵਲੋਂ ਮੇਰੇ ਤੇ ਵਾਰਡਾਂ ਸੰਬੰਧੀ ਲਗਾਏ ਜਾ ਰਹੇ ਭੇਦਭਾਵ ਦੇ ਦੋਸ਼ ਰਾਜਨੀਤੀ ਤੋਂ ਪ੍ਰੇਰਿਤ ਹਨ ਜਦਕਿ ਉਹਨਾਂ ਵਲੋਂ ਕਾਂਗਰਸੀ ਵਾਰਡਾਂ ਦੇ ਵਿਕਾਸ ਲਈ 89 ਲੱਖ ਰੁਪਏ ਦੇ ਵਿਕਾਸ ਕਾਰਜਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਦੋ ਨੰਬਰ ਵਾਰਡ ਲਈ 14 ਲੱਖ ਰੁਪਇਆ, ਵਾਰਡ ਨੰ ਤਿੰਨ ਦੇ ਲਈ 12.5 ਲੱਖ ਰੁਪਏ, ਵਾਰਡ ਨੰ: ਅੱਠ ਦੇ ਲਈ ਅੱਠ ਲੱਖ ਰੁਪਇਆ ਵਾਰਡ ਨੰ: 13 ਲਈ 17 ਲੱਖ ਰੁਪਇਆ ਅਤੇ ਵਾਰਡ ਨੰ: 14 ਲਈ 12.50 ਲੱਖ ਰੁਪਏ ਵਿਕਾਸ ਕੰਮਾਂ ਲਈ ਖਰਚੇ ਜਾ ਰਹੇ ਹਨ। ਉਹਨਾਂ ਆਖਿਆ ਕਿ ਹਿੰਦੂਆਂ ਦੇ ਧਾਰਮਿਕ ਸਥਾਨ ਮਾਤਾ ਜਲਫਾ ਦੇਵੀ ਮੰਦਰ ਨੂੰ ਜਾਂਦੀ ਸੜਕ ਨੂੰ ਬਣਾਉਣ ਲਈ 20 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਹਨਾਂ ਆਖਿਆ ਕਿ ਮੈਂ ਬਿਨਾਂ ਕਿਸੇ ਭੇਦਭਾਵ ਦੇ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਲੋਕਾਂ ਨਾਲ ਬਚਨਬਦ ਹਾਂ ਅਤੇ ਆਪਣੇ ਕਾਰਜਕਾਲ ਦੌਰਾਨ ਨੰਗਲ ਸ਼ਹਿਰ ਦਾ ਕੋਈ ਵੀ ਕੋਨਾਂ ਵਿਕਾਸ ਪੱਖੋਂ ਅਧੂਰਾ ਨਹੀਂ ਦਿੱਤਾ ਜਾਵੇਗਾ। ਉਹਨਾਂ ਨੇ ਇਹ ਵੀ ਦੱਸਿਆ ਕਿ ਸ਼ਹਿਰ ਵਿੱਚੋਂ ਨਜਾਇਜ ਕਬਜੇ ਹਟਾਉਣ ਸੰਬੰਧੀ ਨਗਰ ਕੌਂਸਲ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸ਼ਕਾਇਤ ਪ੍ਰਾਪਤ ਨਹੀਂ ਹੋਈ ਹੈ ਪਰ ਫਿਰ ਵੀ ਉਹ ਨਜਾਇਜ ਕਬਜਿਆਂ ਦਾ ਰੁਝਾਨ ਰੋਕਣ ਵਾਸਤੇ ਇੱਕ ਵਧੀਆ ਛਾਪਿੰਗ ਕੰਪਲੇਕਸ ਉਸਾਰਿਆ ਜਾਵੇਗਾ ਤਾਂ ਕਿ ਵਪਾਰੀ ਭਰਾ ਬਿਨਾਂ ਕਿਸੇ ਪ੍ਰੇਸ਼ਾਨੀ ਅਤੇ ਰੁਕਾਵਟ ਤੋਂ ਆਪਣਾ ਕਾਰੋਬਾਰ ਕਰ ਸਕਣ। ਉਹਨਾਂ ਨੇ ਵਿਰੋਧੀ ਕੌਂਸਲਰਾਂ ਨੂੰ ਅਪੀਲ ਕੀਤੀ ਕਿ ਸ਼ਹਿਰ ਦੇ ਸਰਵਪੱਖੀ ਵਿਕਾਸ ਅਤੇ ਤਰੱਕੀ ਲਈ ਆਪਣਾ ਯੋਗਦਾਨ ਪਾ ਕੇ ਨਗਰ ਕੌਂਸਲ ਨੂੰ ਸਹਿਯੋਗ ਦੇਣ।

ਮਿੱਲ 'ਚ ਅੱਗ ਲੱਗਣ ਨਾਲ ਲੱਖਾਂ ਦਾ ਨੁਕਸਾਨ

ਕੁਹਾੜਾ 13 ਜੂਨ (ਗੁਰਨਾਮ) ਕੁਹਾੜਾ ਲੱਖੋਵਾਲ ਰੋਡ ਤੇ ਸਥਿਤ ਬਾਲਾ ਜੀ ਸਪਨਿੰਗ ਮਿੱਲ 'ਚ ਅੱਗ ਲੱਗਣ ਨਾਲ ਲੱਖਾਂ ਰੁਪਏ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿੱਲ ਦੇ ਐਮ. ਡੀ ਰਣਵੀਰ ਬਖਸ਼ੀ ਅਨੁਸਾਰ ਅੱਜ ਸਵੇਰੇ ਦਸ ਵਜੇ ਸ਼ਾਟ ਸਰਕਟ ਨਾਲ ਮਿੱਲ 'ਚ ਪਈਆ ਰੂੰ ਦੀਆਂ ਸੋ ਗੱਠਾ ਅਤੇ ਸਵਾ ਸੋ ਦੇ ਕਰੀਬ ਧਾਗੇ ਦੇ ਥੈਲੇ ਅੱਗ ਲਗਣ ਨਾਲ ਸੜ ਕੇ ਸੁਆਹ ਹੋ ਗਏ।ਜਿਸ ਨਾਲ ਲੱਗਭਗ 25 ਲੱਖ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ ਉਨ੍ਹਾਂ ਦੱਸਿਆ ਅੱਗ ਜਿਉਂ ਹੀ ਲੱਗੀ ਤਾਂ ਮਿੱਲ ਦੇ 20-25 ਕਾਮਿਆ ਨੇ ਅੱਗ ਬਝਾਉਣ ਦਾ ਯਤਨ ਬਹੁਤ ਕੀਤਾ ਪਰ ਅੱਗ ਬਝਾਉਣ 'ਚ ਅਸਫਲ ਰਹੇ। ਲੁਧਿਆਣੇ ਤੋਂ ਆਈਆਂ ਫਾਇਰ ਬਿਰਗੇਡ ਦੀਆ ਦੋ ਗੱਡੀਆ ਨੇ ਬੜੀ ਜੱਦੋ ਜਹਿਦ ਨਾਲ ਚਾਰ ਘੰਟੇ 'ਚ ਅੱਗ ਤੇ ਕਾਬੂ ਪਾਇਆ।ਜਿਸ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਹੈ।

ਬੱਚਿਆਂ ਨੇ ਠੰਢੇ ਮਿੱਠੇ ਪਾਣੀ ਦੀ ਛਬੀਲ ਲਗਾਈ

ਮੌੜ ਮੰਡੀ 13 ਜੂਨ (ਸ਼ਾਮ ਲਾਲ ਜੋਧਪੁਰੀਆ)- ਪੰਜਾਬ ਭਰ ਵਿੱਚ ਬੜੀ ਗਰਮੀ ਪੈ ਰਹੀ ਹੈ। ਗਰਮੀਆਂ ਨੂੰ ਮੁੱਖ ਰੱਖਦੇ ਹੋਏ ਗਰਮੀ ਦੀਆਂ ਛੁੱਟੀਆਂ ਹੋਣ ਦੇ ਬਾਵਜੂਦ ਸਕੂਲਾਂ ਦੇ ਛੋਟੇ ਛੋਟੇ ਬੱਚਿਆਂ ਵੱਲੋ ਆਪਣੀ ਜੇਬ ਖਰਚ ਵਿੱਚੋ ਪੈਸੇ ਇਕੱਠ ਕਰਕੇ ਵਾਰਡ ਨੰ: 7 ਨੇੜੇ ਜਵਾਹਰ ਦੀ ਚੱਕੀ ਸ਼ਰਬਤ ਦੀ ਸ਼ਬੀਲ ਲਗਾਈ ਗਈ। ਲੋਕਾਂ ਨੇ ਠੰਢਾ ਪਾਣੀ ਪੀਕੇ ਗਰਮੀ ਤੋ ਰਾਹਤ ਮਹਿਸੂਸ ਕੀਤੀ। ਲੋਕਾਂ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਇਹ ਬੱਚੇ ਆਪਣੇ ਸਕੂਲਾਂ ਦਾ ਕੰਮ ਕਰਨ ਤੋ ਇਲਾਵਾ ਪਾਣੀ ਦੀ ਠੰਢੀ ਸ਼ਬੀਲ ਲਾ ਕੇ ਬਹੁਤ ਹੀ ਪੁੰਨ ਦਾ ਕੰਮ ਕਰ ਰਹੇ ਹਨ। ਲੋਕਾਂ ਨੇ ਬੱਚਿਆਂ ਦਾ ਹੌਸਲਾ ਵਧਾਇਆ ਅਤੇ ਆਪ ਵੀ ਯੋਗਦਾਨ ਦਿੱਤਾ। ਮੰਗਲ ਸੈਨ ਨੇ ਦੱਸਿਆ ਕਿ ਅਸੀ ਛੁੱਟੀਆਂ ਦਾ ਕੰਮ ਖਤਮ ਕਰਨ ਤੋ ਬਾਅਦ ਫੈਸਲਾ ਕੀਤਾ ਕਿ ਲੋਕਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰਾ ਇਸ ਵਾਰ ਵੀ ਠੰਢਾ ਪਾਣੀ ਪਿਆਵਾਗੇ।

ਨਜਾਇਜ਼ ਰੂਪ ਵਿੱਚ ਪੈਨਸ਼ਨ ਕਢਵਾਉਣ 'ਤੇ ਸਰਪੰਚ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ

ਨੂਰਪੁਰ ਬੇਦੀ, 13 ਜੂਨ (ਬਲਵਿੰਦਰ ਰੈਤ)- ਨੂਰਪੁਰ ਬੇਦੀ ਪੁਲਿਸ ਵੱਲੋਂ ਤਿੰਨ ਮਹੀਨਿਆਂ ਦੀ ਤਫਤੀਸ਼ ਕਰਨ ਉਪਰੰਤ ਬਲਾਕ ਦੇ ਪਿੰਡ ਚਨੌਲੀ ਭਟੋਲੀ ਦੇ ਮੌਜੂਦਾ ਸਰਪੰਚ ਵਿਰੁੱਧ ਇੱਕ ਅਪੰਗ ਔਰਤ ਦੀ ਨਜਾਇਜ਼ ਰੂਪ ਵਿੱਚ ਪੈਨਸ਼ਨ ਰਾਸ਼ੀ ਕਢਵਾ ਕੇ ਵਰਤਣ ਦੇ ਕਥਿਤ ਦੋਸ਼ਾਂ ਤਹਿਤ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਦੱਸਣਯੋਗ ਹੈ ਕਿ ਮਾਰਚ 2010 ਨੂੰ ਉਕਤ ਪਿੰਡ ਦੀ ਹੀ ਇੱਕ ਔਰਤ ਹਰਪ੍ਰੀਤ ਕੌਰ ਪਤਨੀ ਸਵਰਗੀ ਅਮਰਜੀਤ ਸਿੰਘ ਨੇ ਐੱਸ.ਐੱਸ. ਪੀ. ਰੂਪਨਗਰ ਵਿਜੀਲੈਂਸ, ਸਮਾਜਿਕ ਸੁਰੱਖਿਆ ਵਿਭਾਗ ਤੇ ਡਿਪਟੀ ਕਮਿਸ਼ਨਰ ਰੂਪਨਗਰ ਸਹਿਤ ਵੱਖ-ਵੱਖ ਅਧਿਕਾਰੀਆਂ ਨੂੰ ਕੀਤੀ ਸ਼ਿਕਾਇਤ ਵਿੱਚ ਲਿਖਿਆ ਸੀ ਕਿ ਪੀ.ਐੱਲ.ਏ. ਨੰਬਰ 1181 ਭਜਨ ਕੌਰ ਪਤਨੀ ਦੁਰਗਾ ਦਾਸ ਨੂੰ ਅਪੰਗ ਸਕੀਮ ਤਹਿਤ ਪੈਨਸ਼ਨ ਮਨਜ਼ੂਰ ਹੋਈ ਸੀ, ਪਰ ਉਕਤ ਪੈਨਸ਼ਨ ਭਜਨ ਕੌਰ ਨਹੀਂ ਲੈ ਰਹੀ, ਜਦਕਿ ਪਿੰਡ ਦਾ ਸਰਪੰਚ ਪਿਆਰਾ ਸਿੰਘ ਵੱਲੋਂ ਖੁਦ ਪੈਨਸ਼ਨ ਦੀ ਰਾਸ਼ੀ ਕੱਢਵਾ ਕੇ ਵਰਤਦਾ ਰਹਿੰਦਾ ਸੀ। ਉਕਤ ਸ਼ਿਕਾਇਤ ਦੀ ਪੜਤਾਲ ਕਰਨ ਤੇ ਏ.ਐੱਸ.ਆਈ., ਰਾਮ ਸਿੰਘ ਨੇ ਪਾਇਆ ਕਿ ਪਿੰਡ ਦੇ ਚੌਂਕੀਦਾਰ ਧਰਮ ਸਿੰਘ, ਕਮਲਜੀਤ ਸਿੰਘ ਤੇ ਸਰਪੰਚ ਵੱਲੋਂ ਦੱਸਣ ਤੇ ਪਤਾ ਚੱਲਿਆ ਕਿ ਉਕਤ ਭਜਨ ਕੌਰ ਨਾਮੀ ਕੋਈ ਵੀ ਔਰਤ ਪਿੰਡ ਦੀ ਵਸਨੀਕ ਹੀ ਨਹੀਂ ਹੈ। ਇਸ ਦੇ ਨਾਲ ਸਮਾਜਿਕ ਸੁਰੱਖਿਆ ਦਫਥਰ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਸਰਪੰਚ ਵੱਲੋਂ ਜੁਲਾਈ 2008 ਦੇ .ਏ.ਪੀ.ਆਰ. ਵਿੱਚ ਉਕਤ ਔਰਤ ਦੇ ਪੈਨਸ਼ਨ ਲੈਣ ਸੰਬੰਧੀ ਦਰਜ ਕੀਤਾ ਗਿਆ ਅਤੇ ਅਗਸਤ 2008 ਜਨਵਰੀ 2009 ਤੱਕ ਦੇ ਏ.ਪੀ.ਆਰ. ਵਿੱਚ ਬਕਾਇਆ ਪੈਨਸ਼ਨ ਪ੍ਰਾਪਤ ਕਰਨ ਸੰਬੰਧੀ ਅੰਗੂਠਾ ਨਿਸ਼ਾਨ ਲੱਗਿਆ ਹੋਇਆ ਸੀ। ਭਾਵੇਂ ਸਰਪੰਚ ਵੱਲੋਂ 23 ਅਗਸਤ 2010 ਨੂੰ 3250 ਰੁਪਏ ਦੀ ਪੈਨਸ਼ਨ ਦੀ ਰਾਸ਼ੀ ਡਰਾਫਟ ਨੰਬਰ 004478 ਰਾਹੀਂ ਵਿਭਾਗ ਕੋਲ ਜਮ੍ਹਾਂ ਕਰਵਾ ਦਿੱਤੀ ਗਈ ਹੈ, ਪਰ ਪੁਲਿਸ ਅਨੁਸਾਰ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਜੇਕਰ ਭਜਨ ਕੌਰ ਨਾਮ ਦੀ ਔਰਤ ਪਿੰਡ ਦੀ ਵਸਨੀਕ ਨਹੀਂ ਸੀ ਤਾਂ ਉਕਤ ਰਕਮ ਏ.ਪੀ. ਆਰ. 'ਚ ਤਸਕੀਮ ਕਿਉਂ ਨਹੀਂ ਪਾਈ ਗਈ। ਡੀ.ਏ. ਲੀਗਲ ਤੋਂ ਕਾਨੂੰਨੀ ਰਾਏ ਲੈਣ ਉਪਰੰਤ ਪੁਲਿਸ ਨੇ ਸਰਪੰਚ ਪਿਆਰਾ ਸਿੰਘ ਵਿਰੁੱਧ ਆਈ.ਪੀ.ਸੀ. ਧਾਰਾ 409, 419 ਅਤੇ 420 ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐੱਸ.ਆਈ. ਸੁਖਦੇਵ ਸਿੰਘ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਕਥਿਤ ਦੋਸ਼ੀ ਪਾਏ ਗਏ ਸਰਪੰਚ ਨੂੰ 15 ਜੂਨ ਤੱਕ ਆਪਣੇ ਬਚਾਅ ਵਿੱਚ ਰਿਕਾਰਡ ਪੇਸ਼ ਕਰਨ ਲਈ ਕਿਹਾ ਗਿਆ ਹੈ। ਦੂਜੇ ਪਾਸੇ ਸ਼ਿਕਾਇਤ ਕਰਤਾ ਹਰਪ੍ਰੀਤ ਕੌਰ ਨੇ ਅੱਜ ਐੱਸ.ਐੱਸ.ਪੀ. ਰੂਪਨਗਰ ਨੂੰ ਭੇਜੀ ਫੈਕਸ ਵਿੱਚ ਲਿਖਿਆ ਹੈ ਕਿ ਭਾਵੇਂ ਪੁਲਿਸ ਸਰਪੰਚ ਨੂੰ ਸਵੇਰੇ ਸਮੇਂ ਗ੍ਰਿਫਤਾਰ ਕਰਕੇ ਲੈ ਆਈ ਸੀ, ਪਰ ਬਾਅਦ ਵਿੱਚ ਕਥਿਤ ਮਿਲੀਭੁਗਤ ਨਾਲ ਪੁਲਿਸ ਨੇ ਉਸ ਨੂੰ ਜਾਣ-ਬੁਝ ਕੇ ਛੱਡ ਦਿੱਤਾ।

ਢੱਕ ਪੰਡੋਰੀ ਵਿਖੇ 6ਵਾਂ ਸਲਾਨਾ ਕ੍ਰਿਕਟ ਟੂਰਨਾਮੈਂਟ ਸ਼ੁਰੂ

ਫਗਵਾੜਾ 13 ਜੂਨ (ਕਮਲ ਰਾਏ) ਹਰ ਸਾਲ ਦੀ ਤਰਾਂ ਇਸ ਸਾਲ ਵੀ ਭਾਰਤੀ ਸੰਵੀਧਾਨ ਦੇ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ 6ਵਾਂ ਸਲਾਨਾ ਕ੍ਰਿਕੇਟ ਟੂਰਨਾਮੈਂਟ ਯੁਵਾ ਕਿੰਗਸ ਸਪੋਰਟਸ ਕਲੱਬ ਰਜਿ., ਗ੍ਰਾਮ ਪੰਚਾਇਤ ਅਤੇ ਸਮੂਹ ਇਲਾਕਾ ਨਿਵਾਸੀਆਂ ਵਲੋਂ ਅੱਜ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਟੇਡੀਅਮ ਪਿੰਡ ਢੱਕ ਪੰਡੋਰੀ ਵਿਖੇ ਬੜੇ ਉਤਸ਼ਾਹ ਨਾਲ ਸ਼ੁਰੂ ਹੋਇਆ। ਇਸ ਟੂਰਨਾਮੈਂਟ ਦਾ ਉਦਘਾਟਨ ਸ੍ਰੀ ਦੇਸਰਾਜ ਸਰਪੰਚ ਨੇ ਕੀਤਾ। ਉਸ ਮੋਕੇ ਉਨ੍ਹਾਂ ਕਿਹਾ ਕਿ ਅਜਿਹੇ ਟੂਰਨਾਮੈਂਟ ਰੁਟੀਨ ਵਿਚ ਹੋਣੇ ਚਾਹੀਦੇ ਹਨ ਤਾਂ ਜੋ ਨੋਜਵਾਨ ਖਿਡਾਰੀ ਆਪਣੀ ਪ੍ਰਤਿਭਾ ਨੂੰ ਨਿਖਾਰ ਸਕਣ ਅਤੇ ਨਸ਼ਿਆਂ ਤੋਂ ਹਮੇਸ਼ਾ ਲਈ ਦੂਰ ਰਹਿ ਸਕਣ। ਉਨ੍ਹਾਂ ਇਸ ਚੰਗੇ ਉਪਰਾਲੇ ਲਈ ਉਕਤ ਕਲੱਬ ਦਾ ਤਹਿ ਦਿਲੋਂ ਧੰਨਵਾਦ ਕੀਤਾ। ਟੂਰਨਾਮੈਂਟ ਦਾ ਪਹਿਲਾ ਮੈਚ ਪਲਾਹੀ ਗੇਟ ਫਗਵਾੜਾ ਅਤੇ ਪਿੰਡ ਮੇਹਲੀ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਇਸ ਮੋਕੇ ਹਰਬੰਸ ਲਾਲ ਸੋਬਾ, ਸੰਦੀਪ ਕੁਮਾਰ ਸੋਬਾ, ਧੰਨਪਤ ਰਾਏ ਦਾਦਰਾ, ਸ਼ੰਮੀ ਕਪੂਰ, ਸ਼ਸ਼ੀ ਕਪੂਰ ਸਾਬਕਾ ਪੰਚ, ਜਗਦੀਸ਼ ਕੁਮਾਰ ਦਾਦਰਾ, ਵਿਜੈ ਕੁਮਾਰ ਪੰਚ, ਸਰਵਨ ਰਾਮ ਪੰਚ, ਕਲੱਬ ਦੇ ਪ੍ਰਧਾਨ ਪਰਦੀਪ ਤੇਜੀ, ਉਪ ਪ੍ਰਧਾਨ ਪਵਨ ਕੁਮਾਰ, ਕੁਲਵੰਤ ਰਾਮ, ਸਰਬਜੀਤ ਰਾਮ, ਰਿੰਕੂ ਕੁਮਾਰ, ਗੁਰਪ੍ਰੀਤ ਸਿੰਘ, ਨਰੇਸ ਸੋਬਾ, ਪਰਮਜੀਤ ਰਾਮ, ਜਸਪ੍ਰੀਤ ਦਾਦਰਾ ਆਦਿ ਹਾਜਰ ਸਨ।

ਸਟਰੇਸ ਯੂਰਿਨਰੀ ਇਨਕੰਟੀਨੇਸ ਆਮ ਸਮੱਸਿਆ-ਡਾ. ਆਨੰਦ

ਲੁਧਿਆਣਾ, 13 ਜੂਨ (ਸਚਦੇਵਾ)-ਮਾਡਲ ਟਾਊਨ ਸਥਿਤ ਆਰ.ਜੀ. ਸਟੋਨ ਯੂਰੋਲੋਜੀ ਹਸਪਤਾਲ ਦੇ ਮੁੱਖ ਯੂਰੋਲਾਜਿਸਟ ਡਾ. ਆਨੰਦ ਸਹਿਗਲ ਨੇ ਮੋਹਨ ਦੇਈ ਕੈਂਸਰ ਹਸਪਤਾਲ ਦੇ ਅਧਿਆਪਕਾਂ ਨੂੰ ਸਟਰੇਸ ਯੂਰਿਨਰੀ ਇਨਕੰਟੀਨੇਸ (ਔਰਤਾਂ ਵਿੱਚ ਆਮ ਤੌਰ 'ਤੇ ਪਾਈ ਜਾਣ ਵਾਲੀ ਪਿਸ਼ਾਬ ਰਿਸਾਵ ਦੀ ਬਿਮਾਰੀ) ਦੇ ਵਿਸ਼ੇ ਵਿੱਚ ਦੱਸਿਆ। ਨਾਲ ਹੀ ਇਸ ਬਿਮਾਰੀ ਦੇ ਕਾਰਨਾਂ ਤੇ ਉਪਚਾਰਾਂ 'ਤੇ ਚਾਨਣਾ ਪਾਇਆ। ਡਾ. ਆਨੰਦ ਸਹਿਗਲ ਨੇ ਦੱਸਿਆ ਕਿ ਸਟਰੇਸ ਯੂਰਿਨਰੀ ਇਨਕੰਟੀਨੇਸ ਔਰਤਾਂ ਵਿੱਚ ਆਮ ਤੌਰ 'ਤੇ ਪਾਈ ਜਾਣ ਵਾਲੀ ਸਮੱਸਿਆ ਹੈ। 30 ਤੋਂ 40 ਸਾਲ ਦੀ ਔਰਤਾਂ ਨੂੰ ਇਹ ਸਮੱਸਿਆ ਹੁੰਦੀ ਹੈ ਅਤੇ ਸਮੇਂ ਦੇ ਨਾਲ-ਨਾਲ ਇਹ ਸਮੱਸਿਆ ਵਧਦੀ ਜਾਂਦੀ ਹੈ। ਇਸ ਦੇ ਵਿੱਚ ਮਰੀਜ਼ ਦਾ ਪਿਸ਼ਾਬ ਸਰੀਰਕ ਕੰਮ ਕਰਦੇ ਹੋਏ ਜਾਂ ਫਿਰ ਖੰਘ ਜਾਂ ਛਿੱਕਣ ਦੇ ਨਾਲ ਵੀ ਨਿਕਲ ਜਾਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਔਰਤਾਂ ਨੂੰ ਇਸ ਬਿਮਾਰੀ ਬਾਰੇ ਆਪਣੇ ਡਾ. ਦੇ ਨਾਲ ਕਰਨ ਵੇਲੇ ਸ਼ਰਮ ਮਹਿਸੂਸ ਹੁੰਦੀ ਹੈ ਅਤੇ ਇਸ ਬਿਮਾਰੀ ਨੂੰ ਉਹ ਜੀਵਨ ਭਰ ਝੱਲਦੀਆਂ ਹਨ। ਜਦ ਕਿ ਜੀਵਨ ਵਿੱਚ ਕੁਝ ਬਦਲਾਵ ਅਤੇ ਕੁਝ ਦਵਾਈਆਂ ਅਤੇ ਇੱਕ ਅਸਾਨ ਜਿਹੀ ਸਰਜਰੀ ਦੇ ਨਾਲ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਡਾ. ਸਹਿਗਲ ਨੇ ਦੱਸਿਆ ਕਿ ਮੋਟਾਪਾ ਇਸ ਬਿਮਾਰੀ ਦਾ ਮੁੱਖ ਕਾਰਨ ਹੈ। ਇਸ ਲਈ ਵੱਜਣ ਘਟਾਉਣਾ ਇਸ ਸਮੱਸਿਆ ਨੂੰ ਘੱਟ ਕਰ ਸਕਦਾ ਹੈ। ਜੇਕਰ ਇਹ ਸਮੱਸਿਆ ਵਧ ਜਾਵੇ ਤਾਂ ਦਵਾਈਆਂ ਨਾਲ ਵੀ ਕੋਈ ਲਾਭ ਨਾ ਹੋਵੇ ਤਾਂ ਇਸ ਦੇ ਲਈ ਬਿਨਾ ਕੋਈ ਟਾਂਕੇ ਦੇ ਇੱਕ ਸਾਧਾਰਨ ਸਰਜਰੀ ਉਪਲੱਬਧ ਹੈ। ਇਸ ਦੇ ਲਈ ਸਿਰਫ 24 ਘੰਟੇ ਦੇ ਲਈ ਹਸਪਤਾਲ ਵਿੱਚ ਭਰਤੀ ਹੋਣੀ ਪੈਂਦਾ ਹੈ। ਸਰਜਰੀ ਨੂੰ ਟੀ.ਵੀ.ਟੀ. ਸਿੰਗਲ ਪ੍ਰਣਾਲੀ ਕਿਹਾ ਜਾਂਦਾ ਹੈ। ਇਸ ਦੇ ਵਿੱਚ ਮਰੀਜ਼ ਨੂੰ ਸਰਜਰੀ ਵਾਲੇ ਦਿਨ ਹੀ ਹਸਪਤਾਲ ਵਿੱਚ ਭਰਤੀ ਕੀਤਾ ਜਾਂਦਾ ਹੈ।

ਕੇਂਦਰ ਸਰਕਾਰ ਵੱਲੋਂ ਦਾਲਾਂ ਅਤੇ ਹੋਰ ਜਿਣਸਾਂ ਦੀ ਕੀਮਤ 'ਚ ਵਾਧੇ ਦੀ ਸ਼ਲਾਘਾ

ਫਿਰੋਜ਼ਪੁਰ, 13 ਜੂਨ (ਜੀ.ਐੱਸ. ਕਾਲੜਾ)-ਸਾਬਕਾ ਪ੍ਰਧਾਨ ਅਤੇ ਸਾਬਕਾ ਮੈਂਬਰ ਕੋਸਟ ਐਂਡ ਪ੍ਰਾਈਜ਼ ਕਮਿਸ਼ਨ ਨੇ ਆਪਣੇ ਬਿਆਨ ਵਿੱਚ ਕੇਂਦਰ ਦੀ ਯੂ.ਪੀ.ਏ. ਸਰਕਾਰ ਵੱਲੋਂ ਦਾਲਾਂ ਅਤੇ ਹੋਰ ਜਿਣਸਾਂ ਦੀ ਕੀਮਤ ਦੇ ਵਾਧੇ ਦੀ ਸ਼ਲਾਘਾ ਕੀਤੀ, ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਕੁਝ ਰਾਹਤ ਮਿਲੇਗੀ। ਨਾਲ ਹੀ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਕਿ ਲੇਬਰ, ਡੀਜ਼ਲ, ਬੀਜ, ਦਵਾਈ ਅਤੇ ਖਾਦਾਂ ਦੀ ਕੀਮਤ ਕਾਫੀ ਵਧੀ ਹੋਈ ਹੈ ਕਿ ਜ਼ਿਮੀਦਾਰ ਦੀ ਲਾਗਤ ਵੀ ਪੂਰੀ ਨਹੀਂ ਹੁੰਦੀ। ਝੋਨੇ ਦਾ 50 ਰੁਪਏ ਵਾਧਾ ਬਹੁਤ ਘੱਟ ਹੈ ਅਤੇ ਇਹ ਸੁਝਾਅ ਦਿੱਤਾ ਕਿ ਝੋਨੇ ਦੀ ਸਮਰੱਥਨ ਮੁੱਲ ਵਿੱਚ ਘੱਟੋ ਘੱਟ 200 ਰੁਪਏ ਦਾ ਵਾਧਾ ਹੋਣਾ ਚਾਹੀਦਾ ਸੀ। ਜਿਸ ਨਾਲ ਦੇਸ਼ ਦੇ ਕਿਸਾਨ ਨੂੰ ਕੁਝ ਰਾਹਤ ਮਿਲੇ। ਸਰਕਾਰ ਇਸ 'ਤੇ ਦੁਬਾਰਾ ਵਿਚਾਰ ਕਰੇ। ਨਾਲ ਹੀ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀ ਨਿਖੇਧੀ ਕੀਤੀ ਕਿ ਪਿਛਲੇ ਸਮੇਂ ਕਣਕ ਦਾ ਝਾੜ ਘਟਣ ਨਾਲ ਕਿਸਾਨ ਨੂੰ ਮਾਲੀ ਨੁਕਸਾਨ ਹੋਇਆ ਹੈ, ਪਰ ਪੰਜਾਬ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਅਜੇ ਤੱਕ ਕੋਈ ਬੋਨਸ ਦਾ ਐਲਾਨ ਨਹੀਂ ਕੀਤਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਰਕਾਰ ਆਪਣੇ ਖਜ਼ਾਨੇ ਵਿੱਚੋਂ ਕਿਸਾਨ ਨੂੰ ਬੋਨਸ ਦੇਵੇ, ਜਿਸ ਨਾਲ ਕਿਸਾਨ ਨੂੰ ਕਣਕ ਦੇ ਹੋਏ ਨੁਕਸਾਨ ਦੀ ਪੂਰਤੀ ਲਈ 100 ਰੁਪਏ ਕੁਇੰਟਲ ਵਾਧੇ ਦਾ ਐਲਾਨ ਕਰੇ। ਇਸ ਮੌਕੇ 'ਤੇ ਸ੍ਰ. ਅਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਸ੍ਰ. ਚਮਕੌਰ ਸਿੰਘ ਸੰਧੂ ਮੀਤ ਪ੍ਰਧਾਨ, ਸ੍ਰ. ਗੁਰਚਰਨ ਸਿੰਘ ਆਫਿਸ ਸਕੱਤਰ, ਸ੍ਰੀ ਤਿਲਕ ਰਾਜ ਪ੍ਰਧਾਨ ਹਾਜ਼ਰ ਸਨ।

ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਸੀਚੇਵਾਲ ਦਾ ਨਤੀਜਾ ਸ਼ਾਨਦਾਰ

ਸੁਲਤਾਨਪੁਰ ਲੋਧੀ, 13 ਜੂਨ (ਰਾਜਵੀਰ ਸਿੰਘ)-ੴ ਚੈਰੀਟੇਬਲ ਟਰੱਸਟ ਸੀਚੇਵਾਲ ਵੱਲੋਂ ਚਲਾਏ ਜਾ ਰਹੇ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਦੀ ਥਾਂ ਬੀ.ਏ. ਭਾਗ ਤੀਜਾ ਦਾ ਨਤੀਜਾ ਬੜਾ ਹੀ ਸ਼ਾਨਦਾਰ ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਕੇਵਲ ਸਿੰਘ ਪਰਵਾਨਾ ਨੇ ਕਿਹਾ ਕਿ ਕਾਲਜ ਦੇ ਕੁੱਲ 39 ਬੱਚਿਆਂ ਨੇ ਬੀ.ਏ. ਭਾਗ ਤੀਜਾ ਦੀ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਵਿੱਚੋਂ 16 ਬੱਚੇ ਫਸਟ ਡਵੀਜ਼ਨ ਵਿੱਚ ਅਤੇ ਬਾਕੀ ਸਾਰੇ ਸੈਕਿੰਡ ਡਵੀਜ਼ਨ ਵਿੱਚ ਪਾਸ ਹੋਏ ਹਨ।

ਉਨ੍ਹਾਂ ਦੱਸਿਆ ਕਿ ਕਾਲਜ ਦੀ ਵਿਦਿਆਰਥਣ ਬਲਜੀਤ ਕੌਰ ਪੁੱਤਰੀ ਨਿਰਮਲ ਸਿੰਘ ਨੇ 2400 ਅੰਕਾਂ ਵਿੱਚੋਂ 1587 ਅੰਕ, ਕਮਲਜੀਤ ਕੌਰ ਪੁੱਤਰੀ ਜਗਦੀਸ਼ ਸਿੰਘ ਨੇ 1572 ਅੰਕ ਅਤੇ ਗੁਰਜੋਤ ਕੌਰ ਪੁੱਤਰੀ ਪ੍ਰੀਤਮ ਸਿੰਘ ਨੇ 1565 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਟਰੱਸਟ ਦੇ ਚੇਅਰਮੈਨ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਾਲਜ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਦਾ ਸਿਹਰਾ ਮਿਹਨਤੀ ਸਟਾਫ ਨੂੰ ਜਾਂਦਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੇਂਡੂ ਇਲਾਕੇ ਵਿੱਚ ਚਲਾਈ ਜਾ ਰਹੀ ਇਸਿ ਸੰਸਥਾ ਨੂੰ ਵਿਦਿਆ ਦੇ ਖੇਤਰ ਵਿੱਚ ਸਿਖਰਾਂ ਦੀ ਬੁਲੰਦੀ 'ਤੇ ਪਹੁੰਚਾਉਣ ਲਈ ਮਿਹਨਤੀ ਸਟਾਫ ਹੋਰ ਵੀ ਲਗਨ ਨਾਲ ਕੰਮ ਕਰੇਗਾ।